GOVERNMENT OF WESTERN AUSTRALIA

Working with Children Check

# Factsheet CAT11
# ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ 11: ਧਾਰਮਿਕ ਸੰਸਥਾ

Punjabi | ਪੰਜਾਬੀ



ਧਾਰਮਿਕ ਸੰਸਥਾ ਨੂੰ ਇੱਕ ਅਜਿਹੇ ਸੰਗਠਨ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਜਿਸਦਾ ਮੁੱਖ ਉਦੇਸ਼ ਇੱਕ ਧਾਰਮਿਕ ਸਿਧਾਂਤਾਂ ਜਾਂ ਧਾਰਮਿਕ ਵਿਚਾਰਾਂ ਦੇ ਸਮੂਹ ਦਾ ਪ੍ਰਚਾਰ ਕਰਨਾ ਹੈ।

## ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਂਦੀਆਂ ਨੌਕਰੀ-ਭੂਮਿਕਾਵਾਂ

ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਣ ਵਾਲੀਆਂ ਨੌਕਰੀ-ਭੂਮਿਕਾਵਾਂ ਦੀਆਂ ਕੁੱਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ। ਕਿਰਪਾ ਕਰਕੇ ਧਿਆਨ ਦਿਓ ਕਿ ਸਾਰੇ ਮਾਮਲਿਆਂ ਵਿੱਚ, ਕਿਸੇ ਨੌਕਰੀ-ਭੂਮਿਕਾ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੇ ਜਾਣ ਲਈ ਉਸ ਭੂਮਿਕਾ ਦੀਆਂ **ਆਮ ਡਿਊਟੀਆਂ (usual duties)** ਵਿੱਚ **ਬੱਚੇ (child)** ਨਾਲ **ਸੰਪਰਕ (contact)** ਕਰਨਾ ਲਾਜ਼ਮੀ ਹੋਣਾ, ਜਾਂ ਸੰਪਰਕ ਹੋਣ ਦੀ ਸੰਭਾਵਨਾ ਸ਼ਾਮਲ ਹੋਣੀ ਚਾਹੀਦੀ ਹੈ। ਨੌਕਰੀ-ਭੂਮਿਕਾਵਾਂ ਵਿੱਚ ਸ਼ਾਮਲ ਹਨ:

- ਧਾਰਮਿਕ ਆਗੂ ਜਿਨ੍ਹਾਂ ਵਿੱਚ ਧਰਮ ਮੰਤਰੀ, ਰੱਬੀ, ਪੁਜਾਰੀ, ਅਕੋਲਾਇਟ, ਇਮਾਮ ਅਤੇ ਹੋਰ ਲੋਕ ਸ਼ਾਮਲ ਹਨ, ਜਿੱਥੇ ਇਹਨਾਂ ਨੇਤਾਵਾਂ ਦੇ ਆਮ ਕਰਤੱਵਾਂ ਵਿੱਚ ਬੱਚਿਆਂ ਨਾਲ ਸੰਪਰਕ ਕਰਨਾ ਸ਼ਾਮਲ ਹੁੰਦਾ ਹੈ।
- ਵਿਸ਼ੇਸ਼ ਮੰਤਰੀ/ਵਿਲੱਖਣ ਮੰਤਰੀ ਜੋ ਆਮ ਸੰਗਤ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਪਰਕ ਕਰਦੇ ਹਨ
- ਵੇਤਨ ਪ੍ਰਾਪਤ ਯੁਵਾ ਆਗੂ ਜੋ ਸਥਾਨਕ ਚਰਚ ਜਾਂ ਮਸਜਿਦ ਵਿੱਚ ਜਾਣ ਵਾਲੇ ਨੌਜਵਾਨਾਂ ਲਈ ਧਾਰਮਿਕ ਸੇਵਾਵਾਂ ਪ੍ਰਦਾਨ ਕਰਦੇ ਹਨ
- ਉਹ ਲੋਕ ਜੋ ਧਾਰਮਿਕ ਸਿੱਖਿਆ (ਅਰਥਾਤ, ਸੰਡੇ ਸਕੂਲ), ਚਰਚ ਦੀਆਂ ਯੁਵਕ ਗਤੀਵਿਧੀਆਂ ਜਾਂ ਬੱਚਿਆਂ ਨੂੰ ਧਾਰਮਿਕ ਕਹਾਣੀ ਸੁਣਾਉਣ ਲਈ ਆਪਣੀਆਂ ਸੇਵਾਵਾਂ ਵਲੰਟੀਅਰ ਦੇ ਤੌਰ 'ਤੇ ਪੇਸ਼ ਕਰਦੇ ਹਨ
- ਧਾਰਮਿਕ ਭਾਈਚਾਰੇ ਵਿੱਚ ਬੱਚਿਆਂ ਸਮੇਤ, ਲੋਕਾਂ ਨੂੰ ਉਪਚਾਰਕ ਸੇਵਾਵਾਂ ਪ੍ਰਦਾਨ ਕਰਨ ਵਾਲੇ
- ਹਾਈ ਸਕੂਲ ਦੇ ਬਾਲਗ਼ **ਵਿਦਿਆਰਥੀ (students)** ਜੋ ਪਾਠਕ੍ਰਮ ਤੋਂ ਬਾਹਰ ਦੀਆਂ ਧਾਰਮਿਕ ਗਤੀਵਿਧੀਆਂ ਵਿੱਚ ਸਹਾਇਤਾ ਕਰਦੇ ਹਨ ਜਿਸ ਵਿੱਚ ਉਹਨਾਂ ਦੇ ਆਮ ਕਰਤੱਵਾਂ ਦੇ ਹਿੱਸੇ ਵਜੋਂ ਕਿਸੇ ਬੱਚੇ ਨਾਲ ਸੰਪਰਕ ਕਰਨਾ ਸ਼ਾਮਲ ਹੁੰਦਾ ਹੈ।

## ਛੋਟਾਂ

ਇਸ ਸ਼੍ਰੇਣੀ 'ਤੇ ਹੇਠ ਲਿਖੀਆਂ ਛੋਟਾਂ ਲਾਗੂ ਹੁੰਦੀਆਂ ਹਨ:

- ਬਾਲ **ਵਾਲੰਟੀਅਰ (volunteers)** - 18 ਸਾਲ ਤੋਂ ਘੱਟ ਉਮਰ ਦੇ ਵਾਲੰਟੀਅਰਾਂ ਦੁਆਰਾ ਕੀਤੇ ਗਏ ਕੰਮ
- 18 ਸਾਲ ਤੋਂ ਘੱਟ ਉਮਰ ਦੇ ਵੇਤਨ-ਰਹਿਤ ਪਲੇਸਮੈਂਟ ਕਰ ਰਹੇ ਵਿਦਿਆਰਥੀ
- WA ਵਿੱਚ **ਥੋੜ੍ਹੇ ਸਮੇਂ ਲਈ ਆਏ ਸੈਲਾਨੀ (short-term visitors)**
- ਉਸੇ ਗਤੀਵਿਧੀ ਵਿੱਚ ਕਿਸੇ **ਮਾਤਾ ਜਾਂ ਪਿਤਾ (parent)** ਵੱਲੋਂ ਵਲੰਟੀਅਰ ਕਰਨਾ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈ ਰਿਹਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ, Factsheet CRW03 - ਛੋਟਾਂ, ਮਾਤਾ-ਪਿਤਾ ਵੱਲੋਂ ਵਲੰਟੀਅਰ ਕਰਨ ਦੀ ਛੋਟ ਵੇਖੋ
- ਇੱਕ ਵਾਰੀ ਦੇ ਰਾਸ਼ਟਰੀ ਸਮਾਗਮ ਜਾਂ ਰਾਸ਼ਟਰੀ ਟੂਰ, Factsheet CRW02 - ਛੋਟਾਂ, ਇੱਕ ਵਾਰੀ ਦੇ ਰਾਸ਼ਟਰੀ ਸਮਾਗਮ ਅਤੇ ਰਾਸ਼ਟਰੀ ਟੂਰ ਵੇਖੋ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।